# Prime Minister Delivers Special Key Note Address at the US-India 2020 Summit of US-ISPF

September 3, 2020

…………………………………………………………………………………

## ਪ੍ਰਧਾਨ ਮੰਤਰੀ ਨੇ ਦਿੱਤਾ US-ISPF ਦੇ ਅਮਰੀਕਾ -ਭਾਰਤ 2020 ਸੰਮੇਲਨ ਵਿੱਚ ਵਿਸ਼ੇਸ਼ ਮੁੱਖ ਭਾਸ਼ਣ

3 ਸਤੰਬਰ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਵੀਡੀਓ ਕਾਨਫਰੰਸ ਰਾਹੀਂ ਅਮਰੀਕਾ -ਭਾਰਤ 2020 ਸੰਮੇਲਨ ਵਿੱਚ ਵਿਸ਼ੇਸ਼ ਮੁੱਖ ਭਾਸ਼ਣ ਦਿੱਤਾ।

ਅਮਰੀਕਾ -ਭਾਰਤ ਰਣਨੀਤਕ ਭਾਈਵਾਲੀ ਮੰਚ (US-ISPF) ਗੈਰ-ਮੁਨਾਫਾ ਸੰਗਠਨ ਹੈ, ਜੋ ਭਾਰਤ ਅਤੇ ਅਮਰੀਕਾ ਵਿੱਚ ਭਾਈਵਾਲੀ ਲਈ ਕੰਮ ਕਰਦਾ ਹੈ।

31 ਅਗਸਤ ਨੂੰ ਸ਼ੁਰੂ ਹੋਏ ਇਸ 5 ਦਿਨਾਂ ਦੇ ਸੰਮੇਲਨ ਦਾ ਵਿਸ਼ਾ ਹੈ, "ਅਮਰੀਕਾ-ਭਾਰਤ ਨਵੀਆਂ ਚੁਣੌਤੀਆਂ ਦਾ ਸਾਮ੍ਹਣਾ"।

ਇਸ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸ਼੍ਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਸ਼ਵਵਿਆਪੀ ਮਹਾਂਮਾਰੀ ਨੇ ਸਾਰਿਆਂ ਤੇ ਅਸਰ ਪਾਇਆ ਹੈ ਅਤੇ ਇਹ ਸਾਡੀ ਲਚਕਸ਼ੀਲਤਾ, ਸਾਡੀਆਂ ਜਨਤਕ ਸਿਹਤ ਪ੍ਰਣਾਲੀਆਂ ਅਤੇ ਸਾਡੀ ਆਰਥਿਕ ਪ੍ਰਣਾਲੀਆਂ ਦਾ ਇਮਤਿਹਾਨ ਲੈ ਰਿਹਾ ਹੈ।

ਮੌਜੂਦਾ ਹਾਲਾਤ ਵਿੱਚ ਨਵੀਂ ਸੋਚ ਲੋੜੀਂਦੀ ਹੈ। ਅਜਿਹੀ ਸੋਚ, ਜਿਸ ਅੰਦਰ ਵਿਕਾਸ ਪ੍ਰਤੀ ਨਜ਼ਰੀਆ ਮੁਨੱਖੀ ਹੋਵੇ। ਜਿਥੇ ਹਰ ਕਿਸੇ ਦਰਮਿਆਨ ਭਾਈਵਾਲੀ ਦੀ ਭਾਵਨਾ ਹੋਵੇ, ਉਨ੍ਹਾਂ ਨੇ ਕਿਹਾ।

ਭਵਿੱਖ ਦੀ ਗੱਲ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡਾ ਦੇਸ਼ ਸਮਰੱਥਾ ਵਧਾਉਣ, ਗਰੀਬਾਂ ਨੂੰ ਸੁਰੱਖਿਅਤ ਕਰਨ ਅਤੇ ਸਾਡੇ ਨਾਗਰਿਕਾਂ ਨੂੰ ਭਵਿੱਖ ਵਿੱਚ ਸੁਰੱਖਿਅਤ ਰੱਖਣ 'ਤੇ ਕੇਂਦ੍ਰਤ ਹੈ।

COVID ਨਾਲ ਜੰਗ ਕਰਨ ਲਈ ਸੁਵਿਧਾਵਾਂ ਵਧਾਉਣ ਅਤੇ ਨਾਗਰਿਕ ਜਾਗਰੂਕਤਾ ਵਧਾਉਣ ਲਈ ਚੁੱਕੇ ਗਏ ਵੱਖ-ਵੱਖ ਕਦਮਾਂ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਜਲਦੀ ਹੀ ਅਜਿਹੇ ਉਪਾਅ ਕੀਤੇ ਜਾਣ ਕਾਰਨ ਹੀ 1.3 ਅਰਬ ਲੋਕਾਂ ਅਤੇ ਸੀਮਤ ਸਰੋਤਾਂ ਵਾਲੇ ਇਸ ਦੇਸ਼ ਦੀ ਮੌਤ ਦਰ ਪ੍ਰਤੀ 10 ਲੱਖ ਦੁਨੀਆਂ ਵਿੱਚ ਸਭ ਤੋਂ ਘੱਟ ਹੈ।

ਉਨ੍ਹਾਂ ਨੇ ਇਸ ਗੱਲ 'ਤੇ ਖੁਸ਼ੀ ਜ਼ਾਹਰ ਕੀਤੀ ਕਿ ਭਾਰਤ ਦਾ ਵਪਾਰਕ ਭਾਈਚਾਰਾ, ਖ਼ਾਸਕਰ ਛੋਟੇ ਕਾਰੋਬਾਰੀ, ਕਿਰਿਆਸ਼ੀਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਲਗਭਗ ਸਿਫ਼ਰ ਤੋਂ ਸ਼ੁਰੂ ਕਰਕੇ ਉਨ੍ਹਾਂ ਨੇ ਸਾਨੂੰ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਪੀਪੀਈ ਕਿੱਟ ਨਿਰਮਾਤਾ ਬਣਾ ਦਿੱਤਾ ਹੈ।

ਵੱਖ-ਵੱਖ ਸੁਧਾਰਾਂ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਆਖਿਆ ਕਿ ਇਹ ਮਹਾਂਮਾਰੀ 1.3 ਅਰਬ ਭਾਰਤੀਆਂ ਦੀਆਂ ਇੱਛਾਵਾਂ ਅਤੇ ਅਭਿਲਾਸ਼ਾਵਾਂ ਨੂੰ ਪ੍ਰਭਾਵਤ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੀ।

ਉਨ੍ਹਾਂ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਦੇਸ਼ ਵਿੱਚ ਹੁਣ ਤੱਕ ਬਹੁਤ ਸਾਰੇ ਮਹੱਤਵਪੂਰਨ ਸੁਧਾਰ ਹੋਏ ਹਨ, ਜਿਨ੍ਹਾਂ ਸਦਕਾ ਕਾਰੋਬਾਰ ਕਰਨਾ ਸੁਖਾਲਾ ਹੋ ਗਿਆ ਹੈ ਅਤੇ ਲਾਲ ਫੀਤਾਸ਼ਾਹੀ ਘਟ ਗਈ ਹੈ।

ਸ਼੍ਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਘਰ ਬਣਾਉਣ ਦੇ ਪ੍ਰੋਗਰਾਮ ’ਤੇ ਸਰਗਰਮੀ ਨਾਲ ਕੰਮ ਚੱਲ ਰਿਹਾ ਹੈ ਅਤੇ ਨਵਿਆਉਣਯੋਗ ਓਰਜਾ ਦੇ ਬੁਨਿਆਦੀ ਢਾਂਚੇ ਦਾ ਵਿਸਥਾਰ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਰੇਲ, ਸੜਕ ਅਤੇ ਹਵਾਈ ਸੰਪਰਕ ਵਧਾਉਣ ਦਾ ਵੀ ਜ਼ਿਕਰ ਕੀਤਾ।

ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਡਿਜੀਟਲ ਸਿਹਤ ਮਿਸ਼ਨ ਬਣਾਉਣ ਲਈ ਭਾਰਤ ਵਿਲੱਖਣ ਡਿਜੀਟਲ ਮਾਡਲ ਤਿਆਰ ਕਰ ਰਿਹਾ ਹੈ।

ਅਸੀਂ ਲੱਖਾਂ ਲੋਕਾਂ ਨੂੰ ਬੈਂਕਿੰਗ, ਕਰਜ਼ੇ, ਡਿਜੀਟਲ ਭੁਗਤਾਨ ਅਤੇ ਬੀਮਾ ਪ੍ਰਦਾਨ ਕਰਨ ਲਈ ਸਰਬੋਤਮ ਫਾਇਨੈਨਸ਼ੀਅਲ ਟੈਕਨੋਲੋਜੀ ਦੀ ਵਰਤੋਂ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਇਹ ਸਾਰੀਆਂ ਪਹਿਲਾਂ ਵਿੱਚ ਵਿਸ਼ਵ ਪੱਧਰੀ ਟੈਕਨੋਲੋਜੀ ਅਤੇ ਸਰਬੋਤਮ ਪ੍ਰਥਾਵਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਸ਼੍ਰੀ ਮੋਦੀ ਨੇ ਕਿਹਾ ਕਿ ਇਸ ਮਹਾਂਮਾਰੀ ਨੇ ਦੁਨੀਆ ਨੂੰ ਇਹ ਵਿਖਾ ਦਿੱਤਾ ਹੈ ਕਿ ਕੌਮਾਂਤਰੀ ਸਪਲਾਈ ਚੇਨ ਵਿਕਸਤ ਕਰਨ ਦਾ ਫੈਸਲਾ ਸਿਰਫ ਖਰਚਿਆਂ ‘ਤੇ ਅਧਾਰਤ ਨਹੀਂ ਹੋਣਾ ਚਾਹੀਦਾ ਹੈ। ਇਹ ਫੈਸਲੇ ਭਰੋਸੇ 'ਤੇ ਵੀ ਅਧਾਰਤ ਹੋਣੇ ਚਾਹੀਦੇ ਹਨ। ਭੂਗੋਲਕ ਥਾਂ ਨੂੰ ਲੈਣ ਦੀ ਸਮਰੱਥਾ ਦੇ ਨਾਲ ਨਾਲ ਕੰਪਨੀਆਂ ਹੁਣ ਭਰੋਸਗੀ ਅਤੇ ਨੀਤੀਗਤ ਸਥਿਰਤਾ ਦੀ ਭਾਲ ਵੀ ਕਰ ਰਹੀਆਂ ਹਨ। ਇਹ ਸਾਰੇ ਗੁਣ ਭਾਰਤ ਵਿੱਚ ਮੌਜੂਦ ਹਨ।

ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਗੱਲਾਂ ਦੇ ਕਾਰਨ ਭਾਰਤ ਵਿਦੇਸ਼ੀ ਨਿਵੇਸ਼ ਲਈ ਦਿਲਖਿੱਚਵੀਂ ਜਗ੍ਹਾ ਬਣ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਬੇਸ਼ਕ ਅਮਰੀਕਾ ਹੋਵੇ ਜਾਂ ਯੂਰਪ ਹੋਵੇ ਜਾਂ ਆਸਟਰੇਲੀਆ ਹੋਵੇ ਜਾਂ ਖਾੜੀ ਹੋਵੇ, ਸਾਰੀ ਦੁਨੀਆਂ ਸਾਡੇ 'ਤੇ ਭਰੋਸਾ ਕਰਦੀ ਹੈ। ਇਸ ਸਾਲ ਦੌਰਾਨ ਸਾਨੂੰ 20 ਅਰਬ ਡਾਲਰ ਤੋਂ ਵੱਧ ਦਾ ਵਿਦੇਸ਼ੀ ਨਿਵੇਸ਼ ਮਿਲਿਆ ਹੈ। ਗੂਗਲ, ਅਮੇਜ਼ਨ ਅਤੇ ਮੁਬਾਦਲਾ ਇਨਵੈਸਟਮੈਂਟ ਨੇ ਭਾਰਤ ਲਈ ਲੰਮੇਰੇ ਸਮੇਂ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।

ਪ੍ਰਧਾਨ ਮੰਤਰੀ ਨੇ ਉਸ ਪਾਰਦਰਸ਼ਤਾ ਅਤੇ ਭਵਿੱਖ ਪ੍ਰਤੀ ਭਰੋਸੇ ਦਾ ਜ਼ਿਕਰ ਕੀਤਾ, ਜੋ ਭਾਰਤ ਦੇ ਸਕਦਾ ਹੈ ਅਤੇ ਇਸ ਬਾਰੇ ਵੀ ਗੱਲ ਕੀਤੀ ਕਿ ਕਿਸ ਤਰੀਕੇ ਨਾਲ ਸਾਰਾ ਤੰਤਰ ਇਮਾਨਦਾਰੀ ਨਾਲ ਟੈਕਸ ਦੇਣ ਵਾਲਿਆਂ ਨੂੰ ਉਤਸ਼ਾਹਤ ਕਰਦਾ ਹੈ ਅਤੇ ਮਦਦ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ GST ਅਜਿਹੀ ਅਸਿੱਧੀ ਟੈਕਸ ਪ੍ਰਣਾਲੀ ਹੈ, ਜੋ ਏਕੀਕ੍ਰਿਤ ਅਤੇ ਪੂਰੀ ਤਰਾਂ ਸਮਰੱਥ ਹੈ।

ਸ੍ਰੀ ਮੋਦੀ ਨੇ ਇਨਸੋਲਵੈਂਸੀ ਅਤੇ ਦੀਵਾਲੀਆਪਣ ਕੋਡ ਦਾ ਹਵਾਲਾ ਦਿੱਤਾ, ਜਿਸ ਨਾਲ ਸਾਰੀ ਵਿੱਤੀ ਪ੍ਰਣਾਲੀ ਲਈ ਜੋਖਮ ਘਟਦਾ ਹੈ। ਉਨ੍ਹਾਂ ਨੇ ਵਿਆਪਕ ਲੇਬਰ ਸੁਧਾਰਾਂ 'ਤੇ ਵੀ ਚਾਨਣਾ ਪਾਇਆ, ਜਿਸ ਨਾਲ ਕਾਰੋਬਾਰ ਦੇ ਮਾਲਕਾਂ ਲਈ ਪਾਲਣਾ ਦਾ ਬੋਝ ਘਟਦਾ ਹੈ ਅਤੇ ਇਹ ਵੀ ਦੱਸਿਆ ਕਿ ਇਹ ਕਿੰਜ ਵਰਕਰਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਦਾ ਹੈ।

ਪ੍ਰਧਾਨ ਮੰਤਰੀ ਨੇ ਵਿਕਾਸ ਨੂੰ ਅੱਗੇ ਤੋਰਨ ਵਿੱਚ ਨਿਵੇਸ਼ ਦੀ ਮਹੱਤਤਾ ਦੀ ਗੱਲ ਕੀਤੀ ਅਤੇ ਇਹ ਵੀ ਦੱਸਿਆ ਕਿ ਭਾਰਤ ਕਿੰਜ ਇਸਦੇ ਮੰਗ ਅਤੇ ਪੂਰਤੀ, ਦੋਵਾਂ ਪੱਖਾਂ ਨਾਲ ਨਜਿੱਠ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਜਿਹਾ ਭਾਰਤ ਨੂੰ ਦੁਨੀਆ ਵਿੱਚ ਸਬ ਤੋਂ ਘੱਟ ਟੈਕਸ ਵਾਲੀ ਥਾਂ ਬਣਾ ਕੇ ਅਤੇ ਨਵੀਆਂ ਨਿਰਮਾਣ ਇਕਾਈਆਂ ਨੂੰ ਉਤਸ਼ਾਹਤ ਕਰਕੇ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਲਾਜ਼ਮੀ ਈ-ਪਲੇਟਫਾਰਮ ਅਧਾਰਤ 'ਚਿਹਰਾ-ਰਹਿਤ ਮੁਲਾਂਕਣ' ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਚੀਜ਼ ਅਤੇ ਟੈਕਸ ਅਦਾਕਰਤਾ ਚਾਰਟਰ ਨਾਗਰਿਕਾਂ ਦੀ ਬਹੁਤ ਮਦਦ ਕਰਨਗੇ। ਬਾਂਡ ਦੇ ਬਾਜ਼ਾਰਾਂ ਵਿੱਚ ਲਗਾਤਾਰ ਰੈਗੂਲੇਟਰੀ ਸੁਧਾਰ ਨਾਲ ਨਿਵੇਸ਼ਕਾਂ ਦੀ ਪਹੁੰਚ ਹੋਰ ਵਧੇਗੀ।

ਉਨ੍ਹਾਂ ਨੇ ਕਿਹਾ ਕਿ ਸਾਲ 2019 ਵਿਚ ਭਾਰਤ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਵਿੱਚ  20 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ, ਜਦੋਂ ਕਿ ਦੁਨੀਆ ਦੇ ਪੱਧਰ 'ਤੇ ਵਿਦੇਸ਼ੀ ਨਿਵੇਸ਼ ਵਿਚ 1 ਪ੍ਰਤੀਸ਼ਤ ਦੀ ਕਮੀ ਆਈ ਅਤੇ ਇਹ ਸਾਡੀ ਪ੍ਰਤੱਖ ਵਿਦੇਸ਼ੀ ਨਿਵੇਸ਼ ਪ੍ਰਣਾਲੀ ਦੀ ਕਾਮਯਾਬੀ ਨੂੰ ਦਰਸਾਉਂਦਾ ਹੈ।

ਸ੍ਰੀ ਮੋਦੀ ਨੇ ਕਿਹਾ ਕਿ ਉਪਰੋਕਤ ਸਾਰੇ ਕਦਮ ਚਮਕਦਾਰ ਅਤੇ ਵਧੇਰੇ ਖੁਸ਼ਹਾਲ ਭਵਿੱਖ ਦਾ ਨਿਰਮਾਣ ਕਰਨਗੇ। ਉਹ ਮਜ਼ਬੂਤ ਕੌਮਾਂਤਰੀ ਆਰਥਿਕਤਾ ਵਿੱਚ ਵੀ ਯੋਗਦਾਨ ਪਾਉਣਗੇ।

1.3 ਅਰਬ ਭਾਰਤੀਆਂ ਦੁਆਰਾ ਸ਼ੁਰੂ ਕੀਤੇ ਗਏ ਆਤਮ ਨਿਰਭਰ ਭਾਰਤ ਜਾਂ self -reliant India ਬਣਾਉਣ ਦੇ ਮਿਸ਼ਨ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਮਿਸ਼ਨ ਸਥਾਨਕ ਅਤੇ ਕੌਮਾਂਤਰੀ ਚੀਜ਼ਾਂ ਦਾ ਸੰਗਮ ਹੈ ਅਤੇ ਕਿਹਾ ਕਿ ਭਾਰਤ ਦੀ ਸ਼ਕਤੀਆਂ ਕੌਮਾਂਤਰੀ ਫੋਰਸ ਮਲਟੀਪਲਾਯਰ ਵਜੋਂ ਕੰਮ ਕਰਦੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਇਸ ਮਿਸ਼ਨ ਦਾ ਮਕਸਦ ਭਾਰਤ ਦਾ ਰੁਤਬਾ ਸਿਰਫ ਗੈਰ -ਕਾਰਜਸ਼ੀਲ ਮਾਰਕੀਟ ਤੋਂ ਬਦਲ ਕੇ ਇਸਨੂੰ ਕਿਰਿਆਸ਼ੀਲ ਨਿਰਮਾਣ ਕੇਂਦਰ ਬਣਾਉਣਾ ਹੈ, ਜੋ ਕੌਮਾਂਤਰੀ ਵੈਲਿਊ ਚੇਨਾਂ ਦਾ ਧੁਰਾ ਹੋਵੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਵਿੱਖ ਦੇ ਰਸਤੇ 'ਤੇ, ਖਾਸ ਕਰ ਨਿਜੀ ਅਤੇ ਜਨਤਕ ਖੇਤਰਾਂ ਅੰਦਰ, ਮੌਕਿਆਂ ਦੀ ਭਰਮਾਰ ਹੈ ਅਤੇ ਉਨ੍ਹਾਂ ਨੇ ਕੋਲਾ, ਮਾਈਨਿੰਗ, ਰੇਲਵੇ, ਰੱਖਿਆ, ਪੁਲਾੜ ਅਤੇ ਪਰਮਾਣੂ ਊਰਜਾ ਵਰਗੇ ਖੇਤਰ ਦੇ ਖੋਲ੍ਹੇ ਜਾਣ ਦੀ ਗੱਲ ਵੀ ਕੀਤੀ।

ਉਨ੍ਹਾਂ ਨੇ ਮੋਬਾਈਲ ਅਤੇ ਇਲੈਕਟ੍ਰੌਨਿਕਸ, ਡਾਕਟਰੀ ਉਪਕਰਣਾਂ, ਦਵਾਈਆਂ ਅਤੇ ਖੇਤੀਬਾੜੀ ਦੇ ਖੇਤਰਾਂ ਵਿੱਚ ਸ਼ੁਰੂ ਕੀਤੀ ਗਈ ਉਤਪਾਦਨ ਨਾਲ ਜੁੜੀਆਂ ਇਨਸੈਂਟਿਵ ਸਕੀਮਾਂ ਦਾ ਵੀ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਨੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਭਾਰਤ ਵਿੱਚ ਚੁਣੌਤੀਆਂ ਨਾਲ ਨਜਿੱਠਣ ਲਈ ਅਜਿਹੀ ਸਰਕਾਰ ਹੈ ਜੋ ਨਤੀਜੇ ਦੇਣ 'ਚ ਵਿਸ਼ਵਾਸ ਰੱਖਦੀ ਹੈ, ਅਜਿਹੀ ਸਰਕਾਰ ਜਿਸ ਲਈ ਜ਼ਿੰਦਗੀ ਦਾ ਸੌਖਾ ਹੋਣਾ ਉਨਾਂ ਹੀ ਜ਼ਰੂਰੀ ਹੈ ਜਿੰਨੀ ਕਾਰੋਬਾਰੀ ਸੌਖ ਜ਼ਰੂਰੀ ਹੈ।

ਉਨ੍ਹਾਂ ਨੇ ਕਿਹਾ ਕਿ ਭਾਰਤ ਅਜਿਹਾ ਨੌਜਵਾਨ ਦੇਸ਼ ਹੈ ਜਿਸਦੀ 65% ਆਬਾਦੀ 35 ਸਾਲ ਤੋਂ ਘੱਟ ਸਾਲ ਵਾਲੀ ਹੈ, ਜੋ ਉਤਸ਼ਾਹੀ ਹੈ ਅਤੇ ਜਿਸਨੇ ਦੇਸ਼ ਨੂੰ ਨਵੀਂਆਂ ਉਚਾਈਆਂ ਤੇ ਲੈ ਕੇ ਜਾਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਰਾਜਨੀਤਿਕ ਸਥਿਰਤਾ ਅਤੇ ਰਾਜਨੀਤਿਕ ਲਗਾਤਾਰਤਾ ਵਾਲਾ ਦੇਸ਼ ਹੈ ਅਤੇ ਲੋਕਤੰਤਰ ਅਤੇ ਵੰਨ ਸੁਵੰਨਤਾ ਪ੍ਰਤੀ ਵਚਨਬੱਧ ਹੈ।

ਨਵੀਂ ਦਿੱਲੀ
3 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.